
# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162
ਮਾਸਟਰ ਪਰਮਵੇਦ

Epaper World Punjabi Times | 23 ਐਪ੍ਰੂਲ 2025 ਦਿਨ ਬੁੱਧਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਨਾਮਵਰ ਸ਼ਾਇਰ ਨਦੀਮ ਪਰਮਾਰ ਦੇ ਸਦੀਵੀ ਵਿਛੋੜੇ 'ਤੇ ਸਾਹਿਤਕਾਰਾਂ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ

### 26 ਅਪ੍ਰੈਲ ਨੂੰ ਡੈਲਟਾ ਵਿਖੇ ਹੋਵੇਗਾ ਮਰਹੂਮ ਸ਼ਾਇਰ ਦਾ ਅੰਤਿਮ ਸੰਸਕਾਰ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ



ਸਰੀ, 23 ਅਪ੍ਰੈਲ : ਉਰਦੂ ਅਤੇ ਪੰਜਾਬੀ ਦੇ ਨਾਮਵਰ ਸ਼ਾਇਰ ਨਦੀਮ ਪਰਮਾਰ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ। ਉਹ 88 ਵਰ੍ਹਿਆਂ ਦੇ ਸਨ ਅਤੇ ਪੰਜਾਬੀ ਲੇਖਕ ਮੰਚ ਵੈਨਕੂਵਰ ਦੇ ਲੰਮੇ ਸਮੇਂ ਤੋਂ ਸਰਗਰਮ ਮੈਂਬਰ ਸਨ। ਉਨ੍ਹਾਂ ਆਪਣਾ ਸਾਹਿਤਕ ਸਫਰ ਉਰਦੂ ਗ਼ਜ਼ਲ ਤੋਂ ਕੀਤਾ ਅਤੇ ਫਿਰ ਪੰਜਾਬੀ ਗ਼ਜ਼ਲ ਵੱਲ ਰੁਖ਼ ਕੀਤਾ। ਉਹ ਗ਼ਜ਼ਲ ਅਤੇ ਪਿੰਗਲ-ਅਰੂਜ਼ ਦੇ ਮਾਹਿਰ ਸਨ। ਗ਼ਜ਼ਲ ਦੇ ਨਾਲ ਨਾਲ ਉਨ੍ਹਾਂ ਨਾਵਲ ਅਤੇ ਕਹਾਣੀਆਂ ਦੀ ਰਚਨਾ ਵੀ ਕੀਤੀ। ਉਨ੍ਹਾਂ ਦੇ 11 ਨਾਵਲ ਪ੍ਰਕਾਸ਼ਿਤ ਹੋ ਚੁੱਕੇ ਹਨ। ਨਾਮਵਰ ਗ਼ਜ਼ਲ ਗਾਇਕ ਜਗਜੀਤ ਸਿੰਘ ਵੱਲੋਂ ਉਨ੍ਹਾਂ ਦੀ ਗ਼ਜ਼ਲ 'ਜ਼ਖ਼ਮ ਮਿਲੇ ਤੋ ਸੀ ਲੇਤੇ ਹੈਂ, ਅਸ਼ਕ ਮਿਲੇ ਤੋ ਪੀ ਲੇਤੇ ਹੈਂ' ਨੂੰ ਆਪਣਾ ਸੁਰ ਦੇਣਾ ਅਤੇ ਵੈਨਕੂਵਰ ਵਿਖੇ ਆਪਣੇ ਇਕ ਸਮਾਗਮ ਦੌਰਾਨ ਉਨ੍ਹਾਂ ਨੂੰ ਸਟੇਜ 'ਤੇ ਬੁਲਾ ਕੇ ਵਡੇਰਾ ਮਾਣ ਦੇਣਾ ਉਨ੍ਹਾਂ ਲਈ ਸਭ ਤੋਂ ਵੱਡੀ ਸਾਹਿਤਕ ਪ੍ਰਾਪਤੀ ਰਹੀ। ਉਨ੍ਹਾਂ ਨੂੰ ਕਈ ਸੰਸਥਾਵਾਂ ਵੱਲੋਂ ਮਾਣ ਸਨਮਾਨ ਦਿੱਤੇ ਗਏ।

ਉਨ੍ਹਾਂ ਦੇ ਰੁਖ਼ਸਤ ਹੋ ਜਾਣ 'ਤੇ ਵੈਨਕੂਵਰ, ਸਰੀ ਅਤੇ ਕੈਨੇਡਾ ਦੇ ਸਾਹਿਤਕਾਰਾਂ ਨੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ। ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਵੈਨਕੂਵਰ ਵਿਚਾਰ ਮੰਚ ਦੇ ਆਗੂ ਮੋਹਨ ਗਿੱਲ, ਅੰਗਰੇਜ਼ ਬਰਾੜ, ਪਰਮਜੀਤ ਸਿੰਘ ਸੇਖੋਂ, ਸ਼ਾਇਰ ਪਾਲ ਢਿੱਲੋਂ (ਵਰਨਣ), ਗ਼ਜ਼ਲ ਮੰਚ ਸਰੀ ਦੇ ਨਾਮਵਰ ਸ਼ਾਇਰ ਜਸਵਿੰਦਰ, ਰਾਜਵੰਤ ਰਾਜ, ਹਰਦਮ ਸਿੰਘ ਮਾਨ, ਦਵਿੰਦਰ ਗੌਤਮ, ਪ੍ਰੀਤ ਮਨਪ੍ਰੀਤ, ਦਸ਼ਮੇਸ਼ ਗਿੱਲ, ਗੁਰਮੀਤ ਸਿੱਧੂ, ਸੁਖਜੀਤ ਕੌਰ ਤੇ ਬਲਦੇਵ ਸੀਰਾ, ਪੰਜਾਬੀ ਲੇਖਕ ਮੰਚ ਵੈਨਕੂਵਰ ਦੇ ਅਮਰੀਕ ਪਲਾਹੀ, ਅਜਮੇਰ ਰੋਡੇ, ਸੁਰਜੀਤ ਕਲਸੀ, ਜਸਬੀਰ ਮਾਨ, ਹਰਕੀਰਤ ਕੌਰ ਚਾਹਲ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਿਤਪਾਲ ਗਿੱਲ, ਸੁਰਜੀਤ ਸਿੰਘ ਮਾਧੋਪੁਰੀ, ਪਲਵਿੰਦਰ ਰੰਧਾਵਾ, ਚਰਨ ਸਿੰਘ, ਸਾਹਿਤ ਸਭਾ ਸਰੀ ਦੇ ਇੰਦਰਜੀਤ ਧਾਮੀ, ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ ਦੇ ਸੰਚਾਲਕ ਸਤੀਸ਼ ਗੁਲਾਟੀ, ਨਵਨੀਤ ਕੌਰ ਵਿਨੀਪੈੱਗ, ਦੇਸ ਪ੍ਰਦੇਸ ਟਾਈਮਜ਼ ਦੇ ਸੰਪਾਦਕ ਸੁਖਵਿੰਦਰ ਸਿੰਘ ਚੋਹਲਾ, ਤਰਲੋਚਨ ਤਰਨਤਾਰਨ ਅਤੇ ਰਣਧੀਰ ਢਿੱਲੋਂ ਨੇ ਵੱਖ ਵੱਖ ਬਿਆਨਾਂ ਰਾਹੀਂ ਮਰਹੂਮ ਨਦੀਮ ਪਰਮਾਰ ਵੱਲੋਂ ਪੰਜਾਬੀ ਸਾਹਿਤ ਅਤੇ ਵਿਸ਼ੇਸ਼ ਕਰ ਕੇ ਕੈਨੇਡੀਅਨ ਪੰਜਾਬੀ ਸਾਹਿਤ ਵਿਚ ਪਾਏ ਵੱਡਮੁੱਲੇ ਯੋਗਦਾਨ ਨੂੰ ਸਿਜਦਾ ਕਰਦਿਆਂ ਕਿਹਾ ਹੈ ਕਿ ਪਰਮਾਰ ਸਾਹਿਬ ਆਪਣੀਆਂ ਰਚਨਾਵਾਂ ਨਾਲ ਹਮੇਸ਼ਾ ਪੰਜਾਬੀ ਸਾਹਿਤ ਪ੍ਰੇਮੀਆਂ ਦੇ ਦਿਲਾਂ ਵਿਚ ਧੜਕਦੇ ਰਹਿਣਗੇ।

ਪਰਿਵਾਰ ਵੱਲੋਂ ਮਿਲੀ ਸੂਚਨਾ ਅਨੁਸਾਰ ਉਨ੍ਹਾਂ ਦਾ ਅੰਤਿਮ ਸੰਸਕਾਰ 26 ਅਪ੍ਰੈਲ 2025 (ਸਨਿੱਚਰਵਾਰ) ਨੂੰ ਬਾਅਦ ਦੁਪਹਿਰ 3 ਵਜੇ ਰਿਵਰਸਾਈਡ ਫਿਊਨਰਲ ਹੋਮ (7410 ਹੌਪਕੌਟ ਰੋਡ) ਡੈਲਟਾ ਵਿਖੇ ਹੋਵੇਗਾ ਅਤੇ ਉਪਰੰਤ ਅਕਾਲੀ ਸਿੰਘ ਗੁਰਦੁਆਰਾ ਵੈਨਕੂਵਰ (1890 ਸਕੀਨਾ ਰੋਡ) ਵਿਚ ਭੋਗ ਪਾਇਆ ਜਾਵੇਗਾ ਅਤੇ ਅੰਤਿਮ ਅਰਦਾਸ ਹੋਵੇਗੀ।

## ਗੁਰੂ ਨਾਨਕ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਵਿਖੇ ਮਨਾਇਆ ਗਿਆ ਵਿਸ਼ਵ ਧਰਤ ਦਿਵਸ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ




ਕੋਟਕਪੂਰਾ, 23 ਅਪ੍ਰੈਲ : ਜਿੱਥੇ ਦੁਨੀਆਂ ਭਰ 'ਚ ਵਿਸ਼ਵ ਧਰਤ ਦਿਵਸ ਮਨਾਇਆ ਗਿਆ ਉੱਥੇ ਹੀ ਕੋਟਕਪੂਰਾ ਵਿਖੇ ਸਥਿੱਤ ਸੰਸਥਾ ਗੁਰੂ ਨਾਨਕ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਿੰਸੀਪਲ ਗੁਰਪ੍ਰੀਤ ਸਿੰਘ ਦੇ ਅਦਵਾਈ ਹੇਠ ਇਹ ਦਿਨ ਮਨਾਇਆ ਗਿਆ, ਵਿਦਿਆਰਥੀਆਂ ਵੱਲੋਂ ਸਲੋਗਨ ਲਿਖ ਕੇ ਪੋਸਟਰ ਬਣਾਏ ਗਏ, ਸਕੂਲ ਅਧਿਆਪਕਾਂ ਵੱਲੋਂ ਇਸ ਦਿਨ ਦੀ ਮਹੱਤਤਾ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਗਿਆ ਕਿ ਧਰਤ ਮਾਂ ਦੀ ਸਾਂਭ-ਸੰਭਾਲ ਹਰੇਕ ਮਨੁੱਖ ਦਾ ਫ਼ਰਜ਼ ਹੈ ਸਦੀਆਂ ਤੋਂ ਮਨੁੱਖ ਧਰਤ ਉੱਤੇ ਰੈਣ ਬਸੇਰਾ ਕਰ ਰਿਹਾ ਹੈ ਇਸ ਗ੍ਰਹਿ ਨੂੰ ਸਾਫ਼ ਸੁਥਰਾ ਰੱਖਣਾ, ਸੁੰਦਰਤਾ ਵਧਾਉਣ ਲਈ ਵੱਧ ਤੋਂ ਵੱਧ ਦਰੱਖਤ ਲਗਾਉਣਾ ਅਤੇ ਹੋਰਨਾਂ ਨੂੰ ਵੀ ਇਹ ਸੁਨੇਹਾ ਦੇਣਾ ਚਾਹੀਦਾ ਹੈ। ਪ੍ਰਿੰਸੀਪਲ ਗੁਰਪ੍ਰੀਤ ਸਿੰਘ ਮੱਕੜ ਨੇ ਇਹ ਸੁਨੇਹਾ ਵੀ ਦਿੱਤਾ ਕਿ ਇਹ ਧਰਤੀ ਹੀ ਹੈ, ਜਿਸ ਕਰਕੇ ਸਾਡੀ ਹੋਂਦ ਬਰਕਰਾਰ ਹੈ ਕਿਉਂ ਜੋ ਧਰਤੀ ਹੀ ਅਨਾਜ, ਸਬਜੀਆਂ ਫਲ ਪੈਦਾ ਕਰਦੀ ਹੈ, ਜੀਵ ਜੰਤੂ ਵੀ ਇਸ ਧਰਤੀ ਬਦੌਲਤ ਜਿਉਂ ਰਹੇ ਹਨ ਜਿਸ ਕਾਰਨ ਧਰਤੀ ਨੂੰ ਪ੍ਰਦੂਸ਼ਣ ਰਹਿਤ ਰੱਖਣ ਲਈ ਹਰ ਇੱਕ ਇਨਸਾਨ ਨੂੰ ਆਪਣੀਆਂ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ। ਇਸ ਮੌਕੇ ਵਿਦਿਆਰਥੀਆਂ ਨੇ ਅਧਿਆਪਕਾਂ ਜਸਪ੍ਰੀਤ ਕੌਰ ਅਤੇ ਸੁਰਿੰਦਰ ਕੁਮਾਰ ਸਮੇਤ ਸਕੂਲ ਗਾਰਡਨ ਵਿਖੇ ਇੱਕ ਯਾਦਗਾਰੀ ਤਸਵੀਰ ਵੀ ਕਰਵਾਈ।

## ਵਿਰੋਧਤਾਵਾਂ ਲਈ ਹਥਿਆਰ ਨਹੀਂ ਵਿਚਾਰ ਚਾਹੀਦਾ ਹੈ— ਡਾ. ਸਵਰਾਜ ਸਿੰਘ

### ਕਹਾਣੀ ਸੰਗ੍ਰਹਿ "ਸਲੋਚਨਾ" ਲੋਕ ਅਰਪਣ ਮੌਕੇ ਤੇ ਸਾਹਿਤਕਾਰਾਂ ਦਾ ਸਨਮਾਨ

ਵਰਲਡ ਪੰਜਾਬੀ ਟਾਈਮਜ਼
ਡਾ. ਭਗਵੰਤ ਸਿੰਘ




ਪਟਿਆਲਾ 23 ਅਪ੍ਰੈਲ : ਮਾਲਵਾ ਰਿਸਰਚ ਸੈਂਟਰ ਪਟਿਆਲਾ (ਰਜਿ.) ਅਤੇ ਅਦਾਰਾ ਜਾਗੋ ਇੰਟਰਨੈਸ਼ਨਲ ਵੱਲੋਂ ਅਮਰ ਗਰਗ ਕਲਮਦਾਨ ਦੀ ਪੁਸਤਕ ਸਲੋਚਨਾ ਦਾ ਲੋਕ ਅਰਪਣ, ਵਿਚਾਰ ਚਰਚਾ ਅਤੇ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਗਰੀਨਵੁੱਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿੱਚ ਹੋਏ ਭਾਵਪੂਰਤ ਸਮਾਗਮ ਦੀ ਪ੍ਰਧਾਨਗੀ ਪਵਨ ਹਰਚੰਦਪੁਰੀ ਨੇ ਕੀਤੀ। ਉਦਘਾਟਨ ਡਾ. ਲਖਵਿੰਦਰ ਸਿੰਘ ਜੌਹਲ, ਆਸ਼ੀਰਵਾਦ ਡਾ. ਤੇਜਵੰਤ ਮਾਨ ਸਾਹਿਤ ਰਤਨ ਨੇ ਦਿੱਤਾ, ਜਦਕਿ ਮੁੱਖ ਮਹਿਮਾਨ ਦੇ ਤੌਰ ਤੇ ਡਾ. ਸਵਰਾਜ ਸਿੰਘ ਵਿਸ਼ਵ ਚਿੰਤਕ, ਡਾ. ਦਰਸ਼ਨ ਸਿੰਘ ਆਸ਼ਟ ਵਿਸ਼ੇਸ਼ ਮਹਿਮਾਨ ਅਤੇ ਪ੍ਰਧਾਨਗੀ ਮੰਡਲ ਵਿੱਚ ਡਾ. ਭਗਵੰਤ ਸਿੰਘ ਮੁੱਖ ਸੰਪਾਦਕ ਉਨ੍ਹਾਂ ਨਾਲ ਸ਼ਾਮਲ ਹੋਏ। ਡਾ. ਜਗਦੀਪ ਕੌਰ ਆਹੂਜਾ, ਜੋਗਿੰਦਰ ਕੌਰ ਅਗਨੀਹਤਰੀ ਨੇ ਪੁਸਤਕ ਉਪਰ ਪੇਪਰ ਪੜ੍ਹੇ। ਸੁਖਦੇਵ ਔਲਖ, ਡਾ. ਕਮਲਜੀਤ ਸਿੰਘ ਟਿੱਬਾ, ਡਾ. ਗੁਰਮੀਤ ਸਿੰਘ, ਗੁਲਜ਼ਾਰ ਸਿੰਘ ਸ਼ੌਂਕੀ, ਬੀਰਇੰਦਰ ਸਿੰਘ ਬਨਭੌਰੀ, ਮੇਘਰਾਜ ਸ਼ਰਮਾ, ਡਾ. ਭਗਵੰਤ ਸਿੰਘ, ਜਗਦੀਪ ਸਿੰਘ ਗੰਧਾਰਾ, ਬਲਵਿੰਦਰ ਸਿੰਘ ਭੱਟੀ, ਅਨੋਖ ਸਿੰਘ ਵਿਰਕ, ਦਵਿੰਦਰ ਪਟਿਆਲਵੀ, ਇੰਜ. ਸਤਨਾਮ ਸਿੰਘ ਮੱਟੂ, ਸੁਰਿੰਦਰ ਸ਼ਰਮਾ ਨਾਗਰਾ, ਗੋਪਾਲ ਸ਼ਰਮਾ, ਸੁਖਦੇਵ ਅਲਾਲ, ਡਾ. ਰਾਜੀਵ ਪੁਰੀ, ਜੋਗਾ ਸਿੰਘ ਧਨੌਲਾ ਨੇ ਚਰਚਾ ਵਿੱਚ ਭਾਗ ਲਿਆ ਤੇ ਬਹੁਤ ਉੱਚ ਪੱਧਰੀ ਵਿਚਾਰ ਪ੍ਰਗਟ ਕੀਤੇ। ਇਸ ਮੌਕੇ ਲੋਕ ਕਲਾਕਾਰਾਂ ਦੇ ਗਿੱਧੇ ਅਤੇ ਬੋਲੀਆਂ ਨਾਲ ਸਮਾਗਮ ਦਾ ਆਗਾਜ਼ ਹੋਇਆ, ਮੀਤ ਸਕਰੌਦੀ, ਨਾਹਰ ਸਿੰਘ ਮੁਬਾਰਕਪੁਰੀ, ਮਨਜੀਤ ਕੌਰ ਸੰਧੂ, ਗੁਰਨਾਮ ਸਿੰਘ, ਜੋਗਾ ਸਿੰਘ ਧਨੌਲਾ, ਸੁਖਦੇਵ ਸਿੰਘ ਅਲਾਲ, ਦੇਸ਼ ਭੂਸ਼ਨ, ਪ੍ਰੇਮ ਕੁਮਾਰ, ਨਿਰਮਲਾ ਗਰਗ, ਗੁਰਚਰਨ ਸਿੰਘ ਢੀਂਡਸਾ, ਅਮਰਜੀਤ ਸਿੰਘ ਅਮਨ, ਅਨੀਤਾ ਗਰਗ, ਪ੍ਰਿੰ. ਪ੍ਰੇਮਲਤਾ, ਸ਼ੇਰ ਸਿੰਘ ਬੇਨੜਾ, ਮਲਕੀਤ ਸਕਰੌਦੀ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ। ਇਸ ਅਵਸਰ ਤੇ ਮਾਲਵਾ ਰਿਸਰਚ ਸੈਂਟਰ ਵੱਲੋਂ ਅਨੋਖ ਸਿੰਘ ਵਿਰਕ, ਬਲਵਿੰਦਰ ਸਿੰਘ ਭੱਟੀ, ਜੋਗਾ ਸਿੰਘ ਧਨੌਲਾ, ਗੁਰਨਾਮ ਸਿੰਘ, ਜੋਰਾ ਸਿੰਘ ਮੰਡੇਰ, ਅਮਰ ਗਰਗ ਕਲਮਦਾਨ, ਨਿਰਮਲਾ ਗਰਗ, ਪ੍ਰਿੰ. ਪ੍ਰੇਮਲਤਾ, ਅਤੇ ਗੁਰਦਿਆਲ ਨਿਰਮਾਣ ਦਾ ਸਨਮਾਨ ਕੀਤਾ ਗਿਆ। ਡਾ. ਲਖਵਿੰਦਰ ਸਿੰਘ ਜੌਹਲ ਨੇ ਕਿਹਾ ਕਿ ਅੱਜ ਦਾ ਸਮਾਗਮ ਬਹੁ ਵਿਧਾਈ ਹੈ, ਕਲਮਦਾਨ ਨੇ ਆਪਣੀਆਂ ਕਹਾਣੀਆਂ ਵਿੱਚ ਚੰਗੀਆਂ ਚੀਜਾਂ ਨੂੰ ਉਭਾਰਿਆ ਹੈ। ਡਾ. ਤੇਜਵੰਤ ਮਾਨ ਦਾ ਮੰਨਣਾ ਸੀ ਕਿ ਕਲਮਦਾਨ ਨੇ ਲੋਕ ਭਾਵਨਾਵਾਂ ਨੂੰ ਗ੍ਰਹਿਣ ਕੀਤਾ ਹੈ। ਡਾ. ਸਵਰਾਜ ਸਿੰਘ ਨੇ ਕਿਹਾ ਕਿ ਅੱਜ ਲੋਕ ਕੁਦਰਤ, ਸਮਾਜ ਤੇ ਆਪਣੇ ਆਪ ਨਾਲੋਂ ਟੁੱਟ ਰਹੇ ਹਨ, ਪਰ ਕਲਮਦਾਨ ਕੁੱਲ ਲੋਕਾਈ ਨੂੰ ਸੱਭਿਆਚਾਰ ਨਾਲ ਜੋੜ ਰਿਹਾ ਹੈ। ਪਵਨ ਹਰਚੰਦਪੁਰੀ ਅਤੇ ਡਾ. ਦਰਸ਼ਨ ਸਿੰਘ ਆਸ਼ਟ ਨੇ ਸੱਭਿਆਚਾਰ ਦੇ ਸੰਦਰਭ ਵਿੱਚ ਗੱਲ ਕਰਦੇ ਹੋਏ ਮਾਲਵਾ ਰਿਸਰਚ ਸੈਂਟਰ ਦੀ ਪ੍ਰਸ਼ੰਸਾ ਕੀਤੀ। ਡਾ. ਭਗਵੰਤ ਸਿੰਘ ਨੇ ਸਮਾਗਮ ਦੀ ਰੂਪ ਰੇਖਾ ਬਾਰੇ ਦੱਸਦੇ ਹੋਏ ਕਿਹਾ ਕਿ ਮਾਲਵਾ ਰਿਸਰਚ ਸੈਂਟਰ ਤੇ ਜਾਗੋ ਇੰਟਰਨੈਸ਼ਨਲ ਅਣਗੌਲੇ ਸਾਹਿਤਕਾਰਾਂ ਅਤੇ ਸਾਹਿਤਕ ਵਿਧਾਵਾਂ ਦੀ ਪੁਨਰ ਸੁਰਜੀਤੀ ਅਤੇ ਵਿਸ਼ਵ ਵਿੱਚ ਵੱਡਾ ਮੁਕਾਮ ਹਾਸਲ ਕਰਵਾਉਣ ਲਈ ਯਤਨਸ਼ੀਲ ਹਨ। ਜਗਦੀਪ ਸਿੰਘ ਗੰਧਾਰਾ ਨੇ ਸਭ ਦਾ ਧੰਨਵਾਦ ਕੀਤਾ। ਗੁਰਨਾਮ ਸਿੰਘ ਨੇ ਭਾਵਪੂਰਤ ਮੰਚ ਸੰਚਾਲਨਾ ਕੀਤੀ। ਪ੍ਰਿੰ. ਨਿਰਮਲਾ ਗਰਗ ਨੇ ਕਵਿਸ਼ਰੀ ਦੇ ਉਚੇਚੇ ਰੰਗ ਬਿਖੇਰੇ। ਅਮਰ ਗਰਗ ਕਲਮਦਾਨ ਨੇ ਸਮਾਗਮ ਨੂੰ ਆਪਣੇ ਸਾਹਿਤਕ ਜੀਵਨ ਦਾ ਵਡਮੁੱਲਾ ਹਾਸਲ ਪੱਖ ਦੱਸਿਆ।

## ਮੇਜਰ ਅਜਾਇਬ ਸਿੰਘ ਕਾਨਵੈਂਟ ਸਕੂਲ ਵੱਲੋਂ ਸੰਸਾਰ ਪੱਧਰੀ ਧਰਤ ਦਿਵਸ ਹਰੇ-ਭਰੇ ਉਪਰਾਲਿਆਂ ਨਾਲ ਮਨਾਇਆ ਗਿਆ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ




ਕੋਟਕਪੂਰਾ/ਫਰੀਦਕੋਟ, 23 ਅਪ੍ਰੈਲ : ਮੇਜਰ ਅਜਾਇਬ ਸਿੰਘ ਕਾਨਵੈਂਟ ਸਕੂਲ ਜਿਉਣਵਾਲਾ ਵੱਲੋਂ ਸੰਸਾਰ ਪੱਧਰੀ ਧਰਤ ਦਿਵਸ ਦੇ ਮੌਕੇ 'ਤੇ ਵਾਤਾਵਰਨ ਸੁਰੱਖਿਆ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਕਈ ਪ੍ਰਭਾਵਸ਼ਾਲੀ ਅਤੇ ਸ਼ਲਾਘਾਯੋਗ ਉਪਰਾਲੇ ਕੀਤੇ ਗਏ। ਸਕੂਲ ਦੇ ਪ੍ਰਿੰਸੀਪਲ/ਡਾਇਰੈਕਟਰ ਡਾ. ਐੱਸ.ਐੱਸ. ਬਰਾੜ ਅਤੇ ਵਾਈਸ ਪ੍ਰਿੰਸੀਪਲ ਟੀ.ਕੇ. ਬਰਾੜ ਦੀ ਅਗਵਾਈ ਹੇਠ ਸਕੂਲ ਨੇ ਸਾਫ਼ ਅਤੇ ਹਰਾ ਭਰਾ ਭਵਿੱਖ ਬਣਾਉਣ ਲਈ ਆਪਣੀ ਪੱਕੀ ਵਚਨਬੱਧਤਾ ਦਰਸਾਈ। ਸਕੂਲ ਵਿਖੇ ਰੁੱਖ ਲਗਾਉਣ ਦੀ ਮੁਹਿੰਮ, ਡ੍ਰਿਪ ਇਰੀਗੇਸ਼ਨ ਤਰੀਕਿਆਂ ਅਤੇ ਰੇਨ ਵਾਟਰ ਹਾਰਵੈਸਟਿੰਗ ਵਰਗੀਆਂ ਸਰਗਰਮੀਆਂ ਰਾਹੀਂ ਵਿਦਿਆਰਥੀਆਂ ਨੂੰ ਕੁਦਰਤੀ ਸਰੋਤਾਂ ਦੀ ਸੰਭਾਲ ਅਤੇ ਪਾਣੀ ਬਚਾਉਣ ਦੇ ਤਰੀਕਿਆਂ ਬਾਰੇ ਜਾਣੂ ਕਰਵਾਇਆ ਗਿਆ। ਇਸ ਮੌਕੇ 'ਵ੍ਰਿੰਕਲਜ਼ ਅੱਛੇ ਹਨ' ਮੁਹਿੰਮ ਵੀ ਚਲਾਈ ਗਈ ਜਿਸ ਰਾਹੀਂ ਬਜ਼ੁਰਗਾਂ ਦੇ ਤਜਰਬੇ ਅਤੇ ਕੁਦਰਤ ਪ੍ਰਤੀ ਉਨ੍ਹਾਂ ਦੇ ਪਿਆਰ ਤੋਂ ਸਿੱਖਣ ਦੀ ਪ੍ਰੇਰਣਾ ਦਿੱਤੀ ਗਈ। ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦੇ ਹੋਏ ਪ੍ਰਿੰਸੀਪਲ/ਡਾਇਰੈਕਟਰ ਡਾ. ਐੱਸ.ਐੱਸ. ਬਰਾੜ ਨੇ ਕਿਹਾ, "ਆਪਣਾ ਰੁੱਖ ਲਗਾਓ। ਇਹ ਤੁਹਾਡੇ ਵੱਲੋਂ ਧਰਤੀ ਦੀ ਸੰਭਾਲ ਅਤੇ ਪਾਲਣਾ ਲਈ ਦਿੱਤੇ ਵਚਨ ਦੀ ਨਿਸ਼ਾਨੀ ਹੋਵੇ।" ਉਨ੍ਹਾਂ ਦੇ ਇਹ ਸ਼ਬਦਾਂ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਵਿੱਚ ਕੁਦਰਤ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਜਗਾਈ। ਕਾਰਜਕ੍ਰਮ ਦਾ ਸਮਾਪਨ ਹਰੇ ਭਰੇ ਸੰਕਲਪ ਨਾਲ ਹੋਇਆ ਜਿਸ ਰਾਹੀਂ ਵਿਦਿਆਰਥੀਆਂ ਨੂੰ ਆਪਣੇ ਘਰ ਅਤੇ ਸਮਾਜ ਵਿਚ ਵੀ ਇਹ ਉਪਰਾਲੇ ਜਾਰੀ ਰੱਖਣ ਲਈ ਉਤਸ਼ਾਹਿਤ ਕੀਤਾ ਗਿਆ। ਬੱਚਿਆਂ ਵਿੱਚ ਧਰਤੀ ਮਾਤਾ ਦੇ ਪਿਆਰ ਨੂੰ ਹੋਰ ਗੂੜਾ ਕਰਨ ਲਈ ਸਵੇਰ ਦੀ ਸਭਾ ਵਿੱਚ ਵੱਖ- ਵੱਖ ਪ੍ਰੋਗਰਾਮ ਕਰਵਾਏ ਗਏ ਜਿਵੇਂ ਕਿ ਪੋਸਟਰ ਬਣਾਉਣਾ, ਕਵਿਤਾ, ਡਾਨਸ, ਸਕਿੱਟ ਅਤੇ ਭਾਸ਼ਣ ਪੇਸ਼ ਕੀਤਾ ਗਿਆ। ਅਦਾਰੇ ਦੇ ਵਾਈਸ ਪ੍ਰਿੰਸੀਪਲ ਟੀ. ਕੇ. ਬਰਾੜ ਨੇ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਾਨੂੰ ਧਰਤੀ ਦੀ ਸਾਂਭ – ਸੰਭਾਲ ਲਈ ਸੁਹਿਰਦ ਯਤਨ ਕਰਨੇ ਚਾਹੀਦੇ ਹਨ ਤਾਂ ਕਿ ਸਾਡੀਆਂ ਆਉਣ ਵਾਲੀਆਂ ਪੀੜੀਆਂ ਆਪਣੇ ਜੀਵਨ ਦਾ ਆਨੰਦ ਮਾਣ ਸਕਣ।

## ਬਾਬਾ ਫਰੀਦ ਪਬਲਿਕ ਸਕੂਲ ਵਿਖੇ ਮਨਾਇਆ ਗਿਆ ਧਰਤੀ ਦਿਵਸ

### ਵਿਦਿਆਰਥੀਆਂ ਨੇ ਗਰੁੱਪ ਡਾਂਸ, ਗਰੁੱਪ ਗੀਤ, ਕੋਰੀਉਗਰਾਫੀ ਅਤੇ ਭਾਸ਼ਣ ਦੀ ਪੇਸ਼ਕਾਰੀ ਕੀਤੀ

ਵਰਲਡ ਪੰਜਾਬੀ ਟਾਈਮਜ਼





ਫਰੀਦਕੋਟ, 23 ਅਪ੍ਰੈਲ : ਬੀਤੇ ਦਿਨੀਂ ਬਾਬਾ ਫਰੀਦ ਪਬਲਿਕ ਸਕੂਲ ਵਿਖੇ ਧਰਤੀ ਦਿਵਸ 'ਅਰਥ ਡੇ' ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਸਾਰੇ ਵਿਦਿਆਰਥੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਕਿੰਡਰਗਾਰਟਨ ਬਲਾਕ ਵਿੱਚ ਵਿਦਿਆਰਥੀ ਫੈਂਸੀ ਡਰੈਸ ਵਿੱਚ ਆਏ। ਜਮਾਤ ਪਹਿਲੀ, ਦੂਜੀ ਅਤੇ ਤੀਜੀ ਦੇ ਵਿਦਿਆਰਥੀਆਂ ਦੇ ਵੀ ਇੰਟਰ-ਹਾਊਸ ਕਵਿਤਾ ਉਚਾਰਣ ਮੁਕਾਬਲੇ ਕਰਵਾਏ ਗਏ ਅਤੇ ਇਸ ਮੌਕੇ ਸਾਰੀਆਂ ਜਮਾਤਾਂ ਦੇ ਵਿਦਿਆਰਥੀਆਂ ਨੇ ਅਰਥ ਡੇ ਨੂੰ ਮੁੱਖ ਰੱਖਦਿਆਂ ਇੰਟਰ-ਹਾਊਸ ਬਰੋਡ ਡੈਕੋਰੇਸ਼ਨ ਮੁਕਾਬਲੇ ਵਿੱਚ ਵੀ ਹਿੱਸਾ ਲਿਆ। ਇਹਨਾਂ ਸਾਰੇ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਨੇ ਵੱਧ-ਚੜ੍ਹ ਕੇ ਭਾਗ ਲਿਆ ਅਤੇ ਇਸ ਮੌਕੇ ਸਵੇਰ ਦੀ ਪ੍ਰਾਰਥਨਾ ਸਭਾ ਵਿੱਚ ਵੀ ਵਿਦਿਆਰਥੀਆਂ ਨੇ ਗਰੁੱਪ ਡਾਂਸ, ਗਰੁੱਪ ਗੀਤ, ਕੋਰੀਉਗਰਾਫੀ ਅਤੇ ਭਾਸ਼ਣ ਦੀ ਪੇਸ਼ਕਾਰੀ ਕੀਤੀ। ਸਕੂਲ ਅਧਿਕਾਰੀਆਂ ਨੇ ਵਿਦਿਆਰਥੀਆਂ ਦੇ ਇਸ ਪ੍ਰੋਗਰਾਮ ਦੀ ਬਹੁਤ ਸ਼ਲਾਘਾ ਕੀਤੀ ਅਤੇ ਵਿਦਿਆਰਥੀਆਂ ਨੂੰ ਅਰਥ ਡੇ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦੇ ਹੋਏ ਉਹਨਾਂ ਨੂੰ ਆਪਣਾ ਵਾਤਾਵਰਣ, ਆਲਾ-ਦੁਆਲਾ ਸਾਫ਼ ਰੱਖਣ ਲਈ ਵੀ ਕਿਹਾ। ਅੰਤ ਵਿੱਚ ਉਹਨਾਂ ਨੇ ਵਿਦਿਆਰਥੀਆਂ ਨੂੰ ਸ਼ੁੱਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਸਕੂਲ ਵਿੱਚ ਇਸ ਤਰ੍ਹਾਂ ਦੇ ਇੰਟਰ-ਹਾਊਸ ਅਤੇ ਹੋਰ ਮੁਕਾਬਲੇ ਅਕਸਰ ਵੀ ਕਰਵਾਏ ਜਾਂਦੇ ਹਨ ਤੇ ਵਿਦਿਆਰਥੀਆਂ ਨੂੰ ਇਹਨਾਂ ਮੁਕਾਬਲਿਆਂ ਵਿੱਚ ਵੱਧ-ਚੜ੍ਹ ਕੇ ਭਾਗ ਲੈਣਾ ਚਾਹੀਦਾ ਹੈ। ਸਕੂਲ ਦੇ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਦੇ ਸਰਵ-ਪੱਖੀ ਵਿਕਾਸ ਦੀ ਹਰ ਮੁਮਕਿਨ ਕੋਸ਼ਿਸ਼ ਕੀਤੀ ਜਾਂਦੀ ਹੈ।

## ਸਟੇਟ ਵੋਕੇਸ਼ਨਲ ਸਕੀਮ ਅਧੀਨ ਇਕ ਰੋਜਾ ਸੈਮੀਨਾਰ ਦਾ ਆਯੋਜਨ ਕੀਤਾ ।

ਵਰਲਡ ਪੰਜਾਬੀ ਟਾਈਮਜ਼





ਸੰਗਰੂਰ 23 ਅਪ੍ਰੈਲ : ਮਾਣਯੋਗ ਸਕੱਤਰ ਸਕੂਲ ਸਿੱਖਿਆ ਵਿਭਾਗ ਪੰਜਾਬ ਅਤੇ ਮਾਣਯੋਗ ਜ਼ਿਲਾ ਸਿੱਖਿਆ ਅਫਸਰ (ਸੈ.ਸਿ) ਸ਼੍ਰੀਮਤੀ ਤਰਵਿੰਦਰ ਕੌਰ ਜੀ ਅਤੇ ਉਪ ਜਿਲਾ ਸਿੱਖਿਆ ਅਫਸਰ ਸ਼੍ਰੀਮਤੀ ਮੰਜੀਤ ਕੌਰ ਜੀ ਦੀ ਯੋਗ ਅਗਵਾਈ ਅਧੀਨ ਵੋਕੇਸ਼ਨਲ ਕੁਆਰਡੀਨੇਟਰ ਸ੍ਰੀ ਦਿਨੇਸ਼ ਕੁਮਾਰ ਜੀ ਵੱਲੋਂ ਸਕੂਲ ਆਫ ਐਮੀਨੈਸ (ਲੜਕੇ )ਸੰਗਰੂਰ ਵਿਖੇ ਇੱਕ ਰੋਜ਼ਾ ਸੈਮੀਨਾਰ - ਮੀਟਿੰਗ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਮਾਣਯੋਗ ਜਿਲਾ ਸਿੱਖਿਆ ਅਫਸਰ (ਸੈ ਸਿੱ) ਸੰਗਰੂਰ ਸ਼੍ਰੀਮਤੀ ਤਰਵਿੰਦਰ ਕੌਰ ਜੀ ਨੇ ਸਮੂਹ ਸੀਨੀਅਰ ਸਟੇਟ ਵੋਕੇਸ਼ਨਲ ਮਾਸਟਰ/ ਮਿਸਟ੍ਰੈੱਸ ਨੂੰ ਸੰਬੋਧਨ ਕੀਤਾ ।ਬੱਚਿਆਂ ਵਿੱਚ ਸਿੱਖਣ ਦੇ ਪੱਧਰ ਨੂੰ ਹੋਰ ਉੱਚਾ ਚੁੱਕਣ ਲਈ ਵਿਸ਼ੇਸ਼ ਉਪਰਾਲੇ ਕਰਨ ਦੀ ਤਾਕੀਦ ਕੀਤੀ। ਉਹਨਾਂ ਸਕੂਲ ਲੈਬਜ ਵਿੱਚ ਵਰਕਿੰਗ ਮਾਡਲ ਤਿਆਰ ਕਰਵਾਉਣ ਲਈ ਕਿਹਾ। ਇਸ ਸੈਮੀਨਾਰ ਵਿੱਚ ਸਹਾਇਕ ਵੋਕੇਸ਼ਨਲ ਕੋਆਰਡੀਨੇਟਰ ਸ੍ਰੀ ਹਰਵਿੰਦਰ ਸਿੰਘ ਨੇ ਹਾਜ਼ਰ ਸੀਨੀਅਰ ਸਟੇਟ ਵੋਕੇਸ਼ਨਲ ਸਟਾਫ ਮੈਂਬਰਾਂ ਨੂੰ ਜੀ ਆਇਆ ਨੂੰ ਕਿਹਾ। ਸ੍ਰੀ ਦਿਨੇਸ਼ ਕੁਮਾਰ ਜੀ ਨੇ ਅੱਜ ਦੇ ਸੈਮੀਨਾਰ ਵਿੱਚ ਵਿਦਿਆਰਥੀਆਂ ਦੀ ਇਨਰੋਲਮੈਂਟ, ਸਟੇਟ ਵੋਕੇਸ਼ਨਲ ਦੇ ਸਫਲ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦੇ ਸ਼ੋਅ-ਆਫ ਫਲੈਕਸ ਤਿਆਰ ਕਰਨ , ਫੋਲੋ-ਅਪ ਰਜਿਸਟਰ ਮੈਨਟੇਨ ਕਰਨ ,ਸੋਲ ਪ੍ਰੋਜੈਕਟ, ਵੋਕੇਸ਼ਨਲ ਲੈਬਸ ਦੇ ਸਮਾਨ ਦੇ ਰਖ -ਰਖਾਵ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਸ਼੍ਰੀਮਤੀ ਰਿੰਕੂ ਵੋਕੇਸ਼ਨਲ ਮਿਸਟ੍ਰੈਸ ਨੇ ਹੁਨਰ ਸਿੱਖਿਆ ਸਕੂਲ ਪ੍ਰੋਜੈਕਟ ਬਾਰੇ ,ਇਸ ਦੇ ਸਿਲੇਬਸ, ਬੁਨਿਆਦੀ ਵਿਸ਼ਿਆਂ ਵਿਹਾਰਕ ਹੁਨਰ, ਉਦਯੋਗਾਂ ਵਿੱਚ ਐਕਸਪੋਜ਼ਰ, ਵਧੀਆ ਤਨਖਾਹ ਵਾਲੀਆਂ ਨੌਕਰੀਆਂ ਦੇ ਟੈਕਨੋਲਜੀ ਨਾਲ ਸਿੱਖਣ ਸਬੰਧੀ ਆਪਣੇ ਵਿਚਾਰਾਂ ਨੂੰ ਸਾਂਝਾ ਕੀਤਾ। ਇਸ ਤੋਂ ਇਲਾਵਾ ਵੱਖ-ਵੱਖ ਸਕੂਲਾਂ ਦੇ ਪਹੁੰਚੇ ਸਮੂਹ ਵੋਕੇਸ਼ਨਲ ਮਾਸਟਰਾਂ/ ਮਿਸਟ੍ਰੈਸ ਸਾਹਿਬਾਨਾਂ ਨੇ ਦਾਖਲੇ ਦੇ ਵਾਧੇ ਲਈ ਆਪਣੇ ਤਜਰਬੇ ਸਾਂਝੇ ਕੀਤੇ ਅਤੇ ਮੈਡਮ ਨੀਤਿਕਾ ਨੇ ਹਾਜ਼ਰ ਮੈਂਬਰਾਂ ਦਾ ਧੰਨਵਾਦ ਕੀਤਾ।

## ਸ਼ਾਂਤ ਅਤੇ ਨਿਮਰ ਸ਼ਖ਼ਸੀਅਤ : ਸੁਖਦੇਵ ਸਿੰਘ ਸ਼ਾਂਤ

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ



ਗੁਰਮਤਿ ਸਾਹਿਤ, ਬਾਲ ਸਾਹਿਤ, ਕਵਿਤਾ, ਕਹਾਣੀ ਅਤੇ ਮਿੰਨੀ ਕਹਾਣੀ ਵਿੱਚ ਨਿਰੰਤਰ ਗਤੀਸ਼ੀਲ ਰਹਿਣ ਵਾਲਾ ਵਿਅਕਤੀ ਹੈ – ਸੁਖਦੇਵ ਸਿੰਘ ਸ਼ਾਂਤ। ਧਾਰਮਿਕ ਅਧਿਐਨ ਅਤੇ ਅੰਗਰੇਜ਼ੀ ਵਿਸ਼ਿਆਂ ਵਿੱਚ ਐਮਏ, ਗਿਆਨੀ ਅਤੇ ਹਾਇਰ ਡਿਪਲੋਮਾ (ਕੋਆਪਰੇਸ਼ਨ) ਕਰ ਚੁੱਕੇ ਇਸ ਸ਼ਖ਼ਸ ਦਾ ਜਨਮ 23 ਸਤੰਬਰ 1952 ਨੂੰ ਪਿੰਡ ਹਰਿਆਊ ਖੁਰਦ, ਪਾਤੜਾਂ (ਪਟਿਆਲਾ) ਵਿੱਚ ਪਿਤਾ ਸ. ਰਤਨ ਸਿੰਘ ਦੇ ਘਰ ਮਾਤਾ ਸ਼੍ਰੀਮਤੀ ਸਵਰਨ ਕੌਰ ਦੀ ਕੁੱਖੋਂ ਹੋਇਆ। ਪੰਜਾਬੀ ਅਧਿਆਪਕਾ ਸ਼੍ਰੀਮਤੀ ਸੁਰਿੰਦਰ ਕੌਰ ਨਾਲ ਗ੍ਰਹਿਸਥੀ ਜੀਵਨ ਬਤੀਤ ਕਰ ਰਹੇ ਸ਼ਾਂਤ ਨੇ ਪੰਜਾਬ ਦੇ ਸਹਿਕਾਰਤਾ ਵਿਭਾਗ ਵਿੱਚ ਬਤੌਰ ਸਹਾਇਕ ਰਜਿਸਟਰਾਰ ਕਾਰਜ ਕੀਤਾ ਹੈ, ਜਿੱਥੋਂ ਸੇਵਾਮੁਕਤ ਹੋ ਕੇ ਉਹ ਆਪਣੇ ਬੱਚਿਆਂ ਕੋਲ ਅਮਰੀਕਾ ਦੇ ਸ਼ਹਿਰ ਇੰਡੀਆਨਾ ਵਿੱਚ ਖੁਸ਼ਨੁਮਾ ਜੀਵਨ ਬਿਤਾ ਰਹੇ ਹਨ। ਪਟਿਆਲੇ ਦੇ ਤ੍ਰਿਪੜੀ ਇਲਾਕੇ ਦੇ ਸਥਾਈ ਨਿਵਾਸੀ ਸ਼ਾਂਤ ਜੀ ਹਰ ਸਾਲ ਪੰਜ-ਛੇ ਮਹੀਨਿਆਂ ਲਈ ਪੰਜਾਬ ਆਉਂਦੇ ਹਨ ਅਤੇ ਪੂਰੀ ਚੜ੍ਹਦੀ ਕਲਾ ਨਾਲ ਸਾਹਿਤ ਸਭਾ ਪਟਿਆਲਾ ਤੇ ਹੋਰ ਸਮਾਗਮਾਂ ਵਿੱਚ ਭਰਵੀਂ ਹਾਜ਼ਰੀ ਲਾਉਂਦੇ ਹਨ।

1992 ਤੋਂ ਸਾਹਿਤ ਨਾਲ ਜੁੜੇ ਸੁਖਦੇਵ ਸਿੰਘ ਸ਼ਾਂਤ ਦੀਆਂ ਹੁਣ ਤੱਕ ਕਰੀਬ ਦੋ ਦਰਜਨ ਕਿਤਾਬਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਵੱਖ ਵੱਖ ਵੰਨਗੀਆਂ ਵਿੱਚ ਸਾਹਿਤ ਸੇਵਾ ਕਰਨ ਵਾਲੇ ਸ਼ਾਂਤ ਦੀਆਂ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ :

ਮਿੰਨੀ ਕਹਾਣੀ ਸੰਗ੍ਰਹਿ : ਸਿੰਮਲ ਰੁੱਖ (1992), ਨਵਾਂ ਆਦਮੀ (2021)।
ਕਹਾਣੀ ਸੰਗ੍ਰਹਿ : ਚੂੜੀਆਂ (1994)।
ਕਾਵਿ ਸੰਗ੍ਰਹਿ : ਕੁਝ ਭੇਤ ਜ਼ਿੰਦਗੀ ਦੇ (2015)।
ਬਾਲ ਸਾਹਿਤ : ਮਨ ਦਾ ਕੰਪਿਊਟਰ (ਕਹਾਣੀਆਂ, 2015), ਗਾਓ ਬੱਚਿਓ ਗਾਓ (ਕਵਿਤਾਵਾਂ, 1997), ਪਿੰਕੀ ਦੀ ਪੈਨਸਿਲ (ਕਹਾਣੀਆਂ, 2003), ਅਮਰ ਕਥਾਵਾਂ ਭਾਗ-1 ਤੇ 2 (2020), ਕਿੰਨਾ ਪਿਆਰਾ ਲੱਗਦਾ ਬਚਪਨ (ਕਵਿਤਾਵਾਂ, 2020), ਅਮਰ ਕਥਾਵਾਂ ਭਾਗ-3 ਤੇ 4 (2025), ਬੰਟਿਆਂ ਦੀ ਸਬਜ਼ੀ (ਕਹਾਣੀਆਂ, 2025), ਅੱਖਰਾਂ ਦੀ ਦੁਨੀਆਂ (ਕਵਿਤਾਵਾਂ, 2025)।
ਗੁਰਮਤਿ ਸਾਹਿਤ : ਪੰਦਰਾਂ ਭਗਤ ਸਾਹਿਬਾਨ (2018), ਗੁਰਮਤਿ ਦ੍ਰਿਸ਼ਟੀ (2021), ਗੁਰਬਾਣੀ : ਇੱਕ ਜੀਵਨ ਜਾਚ (2022), ਭਗਤ ਬਾਣੀ ਵਿਚਾਰ (2024), ਜਪੁ ਜੀ ਤੇ ਹੋਰ ਬਾਣੀਆਂ (2025)।
ਟ੍ਰੈਕਟ : ਗੁਰਮਤਿ ਵਿੱਚ ਦੁਨਿਆਵੀ ਅਤੇ ਅਧਿਆਤਮਕ ਖੇਤਰ ਵਿੱਚ ਕਾਰਜ ਦੀ ਸੁਤੰਤਰਤਾ (1996), 1699 ਦੀ ਵਿਸਾਖੀ (1998), ਗੁਰਮਤਿ : ਸੰਪੂਰਨ ਜੀਵਨ ਦਾ ਮਾਰਗ (1999), ਗੁਰਦੁਆਰਾ : ਇੱਕ ਸੰਸਥਾ (2000)। '1699 ਦੀ ਵਿਸਾਖੀ' ਗੁਜਰਾਤੀ ਭਾਸ਼ਾ ਵਿੱਚ ਵੀ ਅਨੁਵਾਦ ਹੋ ਕੇ ਛਪ ਚੁੱਕਾ ਹੈ (1999)। ਜਿੱਥੇ ਉਨ੍ਹਾਂ ਨੇ ਗੁਰਬਾਣੀ ਵਰਗੇ ਗਿਆਨ ਦੇ ਸਾਗਰ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਹੈ, ਉੱਥੇ ਉਨ੍ਹਾਂ ਵਿੱਚ ਬੱਚਿਆਂ ਜਿਹੀ ਮਾਸੂਮੀਅਤ ਅਤੇ ਭੋਲਾਪਣ ਵੀ ਨਜ਼ਰ ਆਉਂਦਾ ਹੈ। ਇਸੇ ਲਈ ਉਨ੍ਹਾਂ ਦੀਆਂ ਬਾਲ ਰਚਨਾਵਾਂ ਦੀ ਗਿਣਤੀ ਸਭ ਤੋਂ ਵੱਧ (10) ਹੈ। ਇਸ ਸਾਲ (2025 ਵਿੱਚ) ਪ੍ਰਕਾਸ਼ਿਤ ਉਨ੍ਹਾਂ ਦੀਆਂ ਚਾਰ ਬਾਲ ਪੁਸਤਕਾਂ ਵਿੱਚੋਂ ਇੱਕ ਕਿਤਾਬ ਕਵਿਤਾ ਦੀ ਹੈ, ਜਿਸ ਵਿੱਚ ਨਿੱਕੀਆਂ ਨਿੱਕੀਆਂ 20 ਕਵਿਤਾਵਾਂ ਸ਼ਾਮਲ ਹਨ। 'ਅੱਖਰਾਂ ਦੀ ਦੁਨੀਆਂ' ਵਿੱਚ ਇਸੇ ਨਾਂ ਦੀ ਕਵਿਤਾ ਦੇ ਅੰਤਰਗਤ ਅੱਖਰਾਂ ਦੀ ਮਹਿਮਾ ਇਸ ਤਰ੍ਹਾਂ ਗਾਈ ਗਈ ਹੈ :


ਅੱਖਰਾਂ ਦੀ ਦੁਨੀਆਂ ਵਿੱਚ ਜਾ ਕੇ
ਅੱਖਰਾਂ ਦੀ ਮੈਂ ਰਮਜ਼ ਪਛਾਣੀ।
ਅੱਖਰ ਜੁੜ ਕੇ ਗੀਤ ਨੇ ਬਣਦੇ
ਅੱਖਰ ਜੁੜਨ ਤਾਂ ਬਣਨ ਕਹਾਣੀ।
ਅੱਖਰਾਂ ਨਾਲ ਹੀ ਬਣਨ ਕਿਤਾਬਾਂ
ਅੱਖਰਾਂ ਨਾਲ ਹੀ ਕੁੱਲ ਪੜ੍ਹਾਈ।
ਅੱਖਰਾਂ ਨਾਲ ਹੀ ਗਿਆਨ ਹੈ ਮਿਲਦਾ
ਅੱਖਰ ਹੀ ਕਰਦੇ ਅਗਵਾਈ।
ਅੱਖਰ ਸਾਨੂੰ ਸੋਝੀ ਦਿੰਦੇ
ਅੱਖਰ ਸਾਡਾ ਗਿਆਨ ਵਧਾਂਦੇ।
ਅੱਖਰ ਨੇ ਜਿਵੇਂ ਹੀਰੇ ਮੋਤੀ
ਅੱਖਰਾਂ ਦਾ ਮੁੱਲ ਜੌਹਰੀ ਪਾਂਦੇ।
ਅੱਖਰ ਖੋਲ੍ਹਣ ਤੀਜਾ ਨੇਤਰ
ਅੱਖਰ ਦਿੰਦੇ ਰਾਹ ਦਰਸਾ।
ਅੱਖਰਾਂ ਦੀ ਏ ਪੱਕੀ ਦੋਸਤੀ
ਅੱਖਰਾਂ ਦੇ ਨਾਲ ਆੜੀ ਪਾ।

ਸਾਹਿਤ ਦੇ ਇਸ ਨਿਰੰਤਰ ਵਹਿੰਦੇ ਦਰਿਆ ਨੂੰ ਗੁਰਮਤਿ ਸਾਹਿਤ, ਬਾਲ ਸਾਹਿਤ ਅਤੇ ਕਹਾਣੀ/ਮਿੰਨੀ ਕਹਾਣੀ ਵਿੱਚ ਪਾਏ ਉਲੇਖਯੋਗ ਯੋਗਦਾਨ ਲਈ ਵੱਖ ਵੱਖ ਅਦਾਰਿਆਂ ਵੱਲੋਂ ਸਮੇਂ ਸਮੇਂ ਤੇ ਸਨਮਾਨਿਤ ਕੀਤਾ ਗਿਆ ਹੈ :
~ ਬਾਲ ਸਾਹਿਤ ਦੀਆਂ ਪੁਸਤਕਾਂ 'ਗਾਓ ਬੱਚਿਓ ਗਾਓ' (ਕਾਵਿ ਸੰਗ੍ਰਹਿ) ਅਤੇ 'ਪਿੰਕੀ ਦੀ ਪੈਨਸਿਲ' (ਕਹਾਣੀ ਸੰਗ੍ਰਹਿ) ਲਈ ਭਾਸ਼ਾ ਵਿਭਾਗ ਪੰਜਾਬ ਵੱਲੋਂ ਕ੍ਰਮਵਾਰ 1997 ਅਤੇ 2003 ਵਿੱਚ ਸ਼੍ਰੀ ਗੁਰੂ ਹਰਿਕ੍ਰਿਸ਼ਨ ਪੁਰਸਕਾਰ ਪ੍ਰਦਾਨ ਕੀਤਾ ਗਿਆ।
~ ਡਾ. ਗੰਡਾ ਸਿੰਘ ਮੈਮੋਰੀਅਲ ਟ੍ਰੱਸਟ ਪਟਿਆਲਾ ਵੱਲੋਂ ਉਨ੍ਹਾਂ ਦੇ ਦੋ ਖੋਜ ਪੱਤਰਾਂ ਨੂੰ ਪਹਿਲਾ ਅਤੇ ਇੱਕ ਨੂੰ ਦੂਜਾ ਇਨਾਮ ਮਿਲਿਆ।
~ ਪੰਜਾਬੀ ਸਾਹਿਤ ਸਭਾ ਪਟਿਆਲਾ ਵੱਲੋਂ ਸ਼੍ਰੀਮਤੀ ਰਾਜਿੰਦਰ ਕੌਰ ਵੰਤਾ ਪੁਰਸਕਾਰ ਨਾਲ ਨਿਵਾਜਿਆ ਗਿਆ।
~ ਪੰਜਾਬੀ ਮਿੰਨੀ ਕਹਾਣੀ ਮੰਚ ਵੱਲੋਂ 22ਵਾਂ ਮਾਨ ਕੌਰ ਯਾਦਗਾਰੀ ਮਿੰਨੀ ਕਹਾਣੀ ਪੁਰਸਕਾਰ ਦਿੱਤਾ ਗਿਆ।

ਸਾਡੀ ਇੱਛਾ ਹੈ ਕਿ ਪੰਜਾਬੀ ਦਾ ਇਹ ਸਨਮਾਨਿਤ ਲੇਖਕ ਆਪਣੇ ਜੀਵਨ ਦੇ ਕੌੜੇ-ਮਿੱਠੇ ਤਜਰਬਿਆਂ ਨੂੰ ਸਵੈਜੀਵਨੀ ਰਾਹੀਂ ਵੀ ਕਲਮਬੱਧ ਕਰੇ, ਤੋਂ ਜੋ ਉਹਦੀ ਸ਼ਾਂਤ ਤੇ ਨਿਰਮਲ ਜ਼ਿੰਦਗੀ ਦੇ ਰਹੱਸ ਨੂੰ ਪੰਜਾਬੀ ਪਾਠਕ ਵੀ ਗ੍ਰਹਿਣ ਕਰ ਸਕਣ! ਅਸੀਂ ਇਸ ਚਾਨਣ ਫ਼ੈਲਾਉਂਦੀ ਸ਼ਖ਼ਸੀਅਤ ਦੀ ਲੰਮੀ ਤੇ ਅਰੋਗ ਜ਼ਿੰਦਗੀ ਲਈ ਦੁਆ ਕਰਦੇ ਹਾਂ!

## 23 ਅਪਰੈਲ 'ਤੇ ਵਿਸ਼ੇਸ਼:-( ਵਿਸ਼ਵ ਪੁਸਤਕ ਦਿਹਾੜੇ ਨੂੰ ਸਮਰਪਿਤ)

ਵਰਲਡ ਪੰਜਾਬੀ ਟਾਈਮਜ਼
ਸੁਖਚੈਨ ਸਿੰਘ ਕੁਰੜ




ਵਿਸ਼ਵ ਪੱਧਰ 'ਤੇ ਅਲੱਗ-ਅਲੱਗ ਦਿਹਾੜੇ ਮਨਾਉਣ ਦੀ ਰਵਾਇਤ ਵਿੱਚ ਸਭ ਤੋਂ ਖ਼ੂਬਸੂਰਤ ਦਿਹਾੜਿਆਂ ਦੀ ਜਦੋਂ ਗੱਲ ਕੀਤੀ ਜਾਵੇਗੀ ਤਾਂ ਪਹਿਲ ਦੇ ਆਧਾਰ 'ਤੇ ਵਿਸ਼ਵ ਕਿਤਾਬ ਦਿਹਾੜੇ ਦਾ ਜ਼ਿਕਰ ਕਰਨਾ ਬਣਦਾ ਹੀ ਹੈ।

ਵਿਸ਼ਵ ਪੁਸਤਕ ਦਿਹਾੜਾ ਹਰ ਸਾਲ 23 ਅਪ੍ਰੈਲ ਨੂੰ ਵਿਸ਼ਵ ਪੱਧਰ 'ਤੇ ਮਨਾਇਆ ਜਾਂਦਾ ਹੈ। ਯੂਨੈਸਕੋ ਦੁਆਰਾ ਪਹਿਲਾ ਪੁਸਤਕ ਦਿਹਾੜਾ ਸਾਲ 1995 ਨੂੰ ਮਨਾਇਆ ਗਿਆ ਸੀ। ਇਸ ਦਿਹਾੜੇ ਦੀ ਤਰੀਕ ਬੜੀ ਹੀ ਸੋਚ ਸਮਝ ਕੇ ਰੱਖੀ ਗਈ ਹੈ। ਇਹ ਵਿਚਾਰ ਇੱਕ ਲੇਖਕ ਵੀ.ਸੀ. ਐਂਡਰਸ ਨੇ ਦਿੱਤਾ ਸੀ ਕਿ ਇਸ ਦਿਹਾੜੇ ਨੂੰ ਮਿਗੈਲ ਦੀ ਸਰਵਾਂਤੇਸ (23 ਅਪ੍ਰੈਲ, 1616) ਦੀ ਬਰਸੀ ਦੇ ਤੌਰ 'ਤੇ ਮਨਾਇਆ ਜਾਵੇ ਕਿਉਂਕਿ ਇਸ ਮਹਾਨ ਲੇਖਕ ਦੀ ਮੌਤ 23 ਅਪ੍ਰੈਲ ਦੇ ਦਿਨ ਹੋਈ ਸੀ। ਇਹ ਇੱਕ ਮਹਾਨ ਸਪੇਨੀ ਲੇਖਕ ਅਤੇ ਨਾਵਲਕਾਰ ਸੀ। ਉਸ ਨੂੰ 'ਹਾਜ਼ਰ ਜਵਾਬੀ ਦਾ ਸ਼ਹਿਜ਼ਾਦਾ' ਵੀ ਆਖਿਆ ਜਾਂਦਾ ਸੀ। ਇਸ ਤਰ੍ਹਾਂ ਇਸ ਦਿਨ ਵਿਸ਼ਵ ਪੱਧਰ ਦੇ ਬਹੁਤ ਬਾਰੇ ਲੇਖਕਾਂ ਅਤੇ ਵਿਦਵਾਨਾਂ ਦੇ ਜਨਮ ਦਿਨ ਅਤੇ ਬਰਸੀ ਵੀ ਹੁੰਦੀ ਹੈ। ਇਸ ਤਰ੍ਹਾਂ ਇਨ੍ਹਾਂ ਮਹਾਨ ਵਿਅਕਤੀਆਂ ਦੁਆਰਾ ਪਾਏ ਗਏ ਯੋਗਦਾਨ ਨੂੰ ਯਾਦ ਕਰਦਿਆਂ ਇਸ ਦਿਨ ਨੂੰ ਵਿਸ਼ਵ ਪੱਧਰ 'ਤੇ ਮਨਾਇਆ ਜਾਂਦਾ ਹੈ। ਇਸ ਦਿਨ ਮਹਾਨ ਲੇਖਕ ਵਿਲੀਅਮ ਸ਼ੈਕਸਪੀਅਰ ਦਾ ਜਨਮ ਅਤੇ ਮੌਤ ਅਪ੍ਰੈਲ ਮਹੀਨੇ (26 ਅਪ੍ਰੈਲ, 1564-23 ਅਪ੍ਰੈਲ, 1616) ਹੋਈ ਸੀ। ਇੰਕਾ ਗਾਰਸੀਲਾਸੋ ਡੇਲਾ ਵੇਗਾ (12 ਅਪ੍ਰੈਲ, 1539- 23 ਅਪ੍ਰੈਲ, 1616) ਇਹ ਵੀ ਇੱਕ ਮਹਾਨ ਲੇਖਕ ਅਤੇ ਇਤਿਹਾਸਕਾਰ ਸੀ। ਇਸ ਦਾ ਜਨਮ ਪੇਰੂ ਵਿੱਚ ਅਤੇ ਮੌਤ ਸਪੇਨ ਵਿੱਚ ਹੋਈ ਸੀ। ਜ਼ੌਸੇਪ ਪਲਾ ਇੱਕ ਮਸ਼ਹੂਰ ਲੇਖਕ ਅਤੇ ਸਪੇਨੀ ਪੱਤਰਕਾਰ ਸੀ ਜਿਸ ਦਾ ਜਨਮ 8 ਮਾਰਚ, 1897 ਅਤੇ ਮੌਤ 23 ਅਪ੍ਰੈਲ, 1981 ਨੂੰ ਸਪੇਨ ਵਿਖੇ ਹੀ ਹੋਈ ਸੀ। ਉਸ ਨੇ ਫ਼ਰਾਂਸ, ਇਟਲੀ, ਇੰਗਲੈਂਡ, ਜਰਮਨ ਅਤੇ ਰੂਸ ਵਿੱਚ ਪੱਤਰਕਾਰੀ ਕੀਤੀ।

ਯੂਨੈਸਕੋ ਦੀ ਆਮ ਸਭਾ ਵੱਲੋਂ ਪੁਸਤਕ ਅਤੇ ਲੇਖਕਾਂ ਨੂੰ ਇਸ ਦਿਨ ਯਾਦ ਕਰਨ ਅਤੇ ਆਮ ਲੋਕਾਂ ਖ਼ਾਸ ਕਰਕੇ ਨੌਜਵਾਨਾਂ ਵਿੱਚ ਪੁਸਤਕਾਂ ਪੜ੍ਹਨ ਲਈ ਉਤਸ਼ਾਹਿਤ ਕਰਨ ਦਾ ਉਦੇਸ਼ ਵੀ ਇਸ ਦਿਵਸ ਨੂੰ ਪੁਸਤਕ ਦਿਹਾੜੇ ਦੇ ਰੂਪ ਵਿਚ ਮਨਾਉਣ ਦਾ ਕਾਰਨ ਬਣਿਆ।

ਇਸ ਵਿਸ਼ੇਸ਼ ਮੌਕੇ 'ਤੇ ਸੰਸਥਾ ਯੂਨੈਸਕੋ ਹਰ ਸਾਲ ਵਿਸ਼ਵ ਦੇ ਕਿਸੇ ਇਕ ਦੇਸ਼ ਦੇ ਸ਼ਹਿਰ ਨੂੰ 'ਯੂਨੈਸਕੋ ਵਿਸ਼ਵ ਪੁਸਤਕ ਰਾਜਧਾਨੀ' ਦਾ ਦਰਜਾ ਪ੍ਰਧਾਨ ਕਰਦੀ ਹੈ। ਉਹ ਸ਼ਹਿਰ ਉਸ ਵਿਸ਼ੇਸ਼ ਸਾਲ ਜੋ 23 ਅਪ੍ਰੈਲ ਤੋਂ ਅਗਲੇ ਸਾਲ 22 ਅਪ੍ਰੈਲ ਤੱਕ ਹੁੰਦਾ ਹੈ। ਯੂਨੈਸਕੋ ਨੇ ਇਸ ਵਰ੍ਹੇ 2025 ਲਈ ਰੀਓ ਡੀ ਜਨੇਰੀਓ (ਬ੍ਰਾਜ਼ੀਲ) ਨੂੰ ਵਿਸ਼ਵ ਪੁਸਤਕ ਰਾਜਧਾਨੀ ਦਾ ਦਰਜਾ ਦਿੱਤਾ ਹੈ। ਇਸ ਵਰ੍ਹੇ ਵਿਸ਼ਵ ਪੁਸਤਕ ਦਿਹਾੜੇ ਦਾ ਥੀਮ "ਰੀਡ ਯੂਅਰ ਵੇਅ" ਹੈ।

ਪੁਸਤਕਾਂ ਪੜ੍ਹਨ ਵਿੱਚ ਰੁਚੀ ਪੈਦਾ ਕਰਨ ਲਈ, ਪੁਸਤਕਾਂ ਦੀ ਮਹੱਤਤਾ ਬਾਰੇ ਸਮਝਣ ਲਈ ਅੱਜ ਇੱਥੇ ਕੁਝ ਮਹਾਨ ਸ਼ਖ਼ਸੀਅਤਾਂ ਦੇ ਵਿਚਾਰਾਂ ਨੂੰ ਜਾਣਨਾ ਤੇ ਸਮਝਣਾ ਬਹੁਤ ਜ਼ਰੂਰੀ ਹੈ।

ਗੁਰਬਖ਼ਸ਼ ਸਿੰਘ ਪ੍ਰੀਤਲੜੀ ਕਹਿੰਦੇ ਹਨ ਕਿ ਕਾਨੂੰਨ, ਥਾਣੇ, ਅਦਾਲਤਾਂ, ਜੇਲ੍ਹਾਂ ਆਦਿ ਮਨੁੱਖ ਦੀ ਜਹਾਲਤ ਅਤੇ ਮੂਰਖਤਾ ਵਿਚੋਂ ਉਪਜੀਆਂ ਸੰਸਥਾਵਾਂ ਹਨ। ਸਹੀ ਅਰਥਾਂ ਵਿਚ ਸਮਾਜ ਉਦੋਂ ਉੱਨਤੀ ਕਰੇਗਾ ਜਦੋਂ ਅਦਾਲਤਾਂ, ਥਾਣਿਆਂ ਅਤੇ ਜੇਲ੍ਹਾਂ ਨਾਲੋਂ ਸਾਡੀਆਂ ਲਾਇਬ੍ਰੇਰੀਆਂ ਵੱਡੀਆਂ ਅਤੇ ਵਧੇਰੇ ਹੋਣਗੀਆਂ।

ਗੰਗਾਧਰ ਤਿਲਕ ਕਹਿੰਦੇ ਹਨ ਕਿ ਮੈਂ ਨਰਕ ਵਿਚ ਵੀ ਚੰਗੀਆਂ ਪੁਸਤਕਾਂ ਦਾ ਸਵਾਗਤ ਕਰਾਂਗਾ, ਕਿਉਂਕਿ ਪੁਸਤਕਾਂ ਵਿੱਚ ਇਹ ਸ਼ਕਤੀ ਹੈ ਕਿ ਜਿੱਥੇ ਵੀ ਉਹ ਹੋਣਗੀਆਂ, ਉੱਥੇ ਹੀ ਸਵਰਗ ਬਣ ਜਾਏਗਾ।

ਗੁਰਦਿਆਲ ਸਿੰਘ ਕਹਿੰਦੇ ਹਨ ਕਿ ਜੇਕਰ ਪੁਸਤਕਾਂ ਨਾ ਹੁੰਦੀਆਂ ਤਾਂ ਸੰਸਾਰ ਵਿਚ ਪਾਗਲਾਂ ਦੀ ਗਿਣਤੀ ਵੱਧ ਹੁੰਦੀ।

ਰਸੂਲ ਹਮਜ਼ਾਤੋਵ ਕਹਿੰਦੇ ਹਨ ਕਿ ਕਿਤਾਬਾਂ ਤੋਂ ਬਿਨਾਂ ਕੋਈ ਜਾਤੀ ਉਸ ਆਦਮੀ ਵਰਗੀ ਹੈ, ਜਿਸਦੀਆਂ ਅੱਖਾਂ 'ਤੇ ਪੱਟੀ ਬੰਨ੍ਹੀ ਹੋਵੇ।

ਥਾਮਸ ਕਾਰਲਾਇਲ ਕਹਿੰਦੇ ਹਨ ਕਿ ਮਨੁੱਖਤਾ ਨੇ ਜੋ ਕੁਝ ਸੋਚਿਆ ਅਤੇ ਹਾਸਿਲ ਕੀਤਾ, ਇਹ ਜਾਦੂ ਕਿਤਾਬਾਂ ਵਿੱਚ ਬੰਦ ਹੈ।

ਸਿਸਰੋ ਕਹਿੰਦੇ ਹਨ ਕਿ ਜੇਕਰ ਤੁਸੀਂ ਆਪਣੇ ਘਰ 'ਚ ਚੰਗੀਆਂ ਕਿਤਾਬਾਂ ਦੀ ਲਾਇਬ੍ਰੇਰੀ ਬਣਾ ਲੈਂਦੇ ਹੋ ਤਾਂ ਸਮਝੋ ਤੁਹਾਡੇ ਘਰ ਵਿੱਚ ਆਤਮਾ ਧੜਕਣ ਲੱਗ ਪਈ ਹੈ।

ਅਜਿਹੇ ਹੋਰ ਮਹਾਨ ਵਿਚਾਰ ਵੱਖੋ-ਵੱਖ ਮਹਾਨ ਸ਼ਖ਼ਸੀਅਤਾਂ ਦੇ ਤਜ਼ੁਰਬੇ ਵਿੱਚੋਂ ਨਿਕਲੇ ਤੁਹਾਨੂੰ ਪੜ੍ਹਨ ਤੇ ਸਮਝਣ ਲਈ ਮਿਲ ਜਾਣਗੇ।ਪੜ੍ਹਦਿਆਂ-ਪੜ੍ਹਦਿਆਂ ਤੁਸੀਂ ਖ਼ੁਦ ਅਜਿਹੇ ਵਿਚਾਰ ਦੇਣ ਦੇ ਯੋਗ ਹੋ ਜਾਵੋਗੇ ਕਿ ਆਉਣ ਵਾਲੀਆਂ ਪੀੜ੍ਹੀਆਂ ਤੁਹਾਡੇ ਵਿਚਾਰਾਂ ਤੋਂ ਪ੍ਰਭਾਵਿਤ ਹੋਕੇ ਪ੍ਰੇਰਿਤ ਮਹਿਸੂਸ ਕਰਨਗੀਆਂ। ਇਹ ਸਭ ਕੁੱਝ ਕੁਝ ਤਾਂ ਹੀ ਸੰਭਵ ਹੋਵੇਗਾ ਜੇ ਤੁਹਾਡੀ ਪੜ੍ਹਨ ਦੀ ਰੁਚੀ,ਪੜ੍ਹਨ ਦੇ ਜਨੂੰਨ ਤੱਕ ਦਾ ਸਫ਼ਰ ਤੈਅ ਕਰੇਗੀ। ਤੁਸੀਂ ਇਹ ਸਫ਼ਰ ਆਪਣੇ ਘਰ ਤੋਂ ਮਾਂ-ਪਿਓ ਦੇ ਸਹਿਯੋਗ ਨਾਲ ਸਕੂਲ/ਕਾਲਜ ਅਧਿਆਪਕ ਸਾਹਿਬਾਨ ਦੀ ਯੋਗ ਅਗਵਾਈ ਸਦਕਾ ਸੋਹਣਾ ਤੈਅ ਕਰੋਂਗੇ। ਅਧਿਆਪਨ ਕਿੱਤੇ ਨਾਲ ਜੁੜੇ ਹਰ ਇਨਸਾਨ ਦਾ ਇਹ ਨੈਤਿਕ ਫ਼ਰਜ਼ ਵੀ ਬਣਦਾ ਹੈ ਕਿ ਵਿਦਿਆਰਥੀਆਂ ਨੂੰ ਪਾਠਕ੍ਰਮ ਤੋਂ ਇਲਾਵਾ ਵੀ ਵੱਧ ਤੋਂ ਵੱਧ ਪੁਸਤਕਾਂ ਨਾਲ ਜੋੜੇ। ਪੁਸਤਕਾਂ ਪੜ੍ਹਨ ਦੀ ਰੁਚੀ ਪੈਦਾ ਕਰਨ ਲਈ ਮਾਪੇ ਤੇ ਅਧਿਆਪਕ ਦੋਵਾਂ ਨੂੰ ਹੀ ਪਹਿਲਾਂ ਖ਼ੁਦ ਕਿਤਾਬਾਂ ਪੜ੍ਹਨ ਦਾ ਮੋਹ ਪਾਲਣਾ ਲਾਜ਼ਮੀ ਹੈ। ਇਸ ਲਈ ਸਭ ਤੋਂ ਪਹਿਲਾਂ ਇਹ ਹੈ ਕਿ ਸਾਡੇ ਸਭ ਦੇ ਘਰ ਵਿੱਚ ਘੱਟੋ-ਘੱਟ ਇੱਕ ਇੱਕ ਪੁਸਤਕਾਲਿਆ (ਕਿਤਾਬ ਘਰ) ਜ਼ਰੂਰ ਹੋਣਾ ਚਾਹੀਦਾ। ਸਭ ਤੋਂ ਸੋਹਣੀ ਗੱਲ ਸਾਡੇ ਪਰਿਵਾਰਾਂ ਵਿੱਚ ਮਾਂਵਾਂ, ਧੀਆਂ, ਪਤਨੀਆਂ ਦੇ ਵੀ ਵੱਖੋ-ਵੱਖ ਕਮਰਿਆਂ ਵਿੱਚ ਨਿੱਕੇ-ਨਿੱਕੇ ਕਿਤਾਬ ਘਰ ਹੋਣ ਤਾਂ ਸੱਚੀਂ ਸੋਨੇ ਤੇ ਸੁਹਾਗਾ ਹੋ ਨਿਬੜੇਗਾ। ਇੱਥੇ ਨਾਲ ਹੀ ਇਹ ਕੋਸ਼ਿਸ਼ ਵੀ ਬਹੁਤ ਚੰਗੀ ਰਹੇਗੀ ਕਿ ਜਨਮ-ਦਿਨ 'ਤੇ ਕਿਤਾਬਾਂ ਦੇ ਤੋਹਫ਼ੇ ਦਿੱਤੇ ਜਾਣ, ਵਿਆਹ ਸਮਾਗਮਾਂ ਦੌਰਾਨ( ਕੋਸ਼ਿਸ਼ ਰਹੇ ਹਰ ਖ਼ੁਸ਼ੀ ਗਮੀ ਮੌਕੇ) ਕਿਤਾਬਾਂ ਦੀਆਂ ਪ੍ਰਦਰਸ਼ਨੀਆਂ ਜ਼ਰੂਰ ਲਗਵਾਈਆਂ ਜਾਣ, ਹੋ ਸਕਦਾ ਇਸੇ ਬਹਾਨੇ ਬੰਦ ਕਮਰਿਆਂ ਵਿੱਚ ਪਈਆਂ ਕਿਤਾਬਾਂ ਕਿਸੇ ਦੀ ਜ਼ਿੰਦਗੀ ਦੇ ਨਵੇਂ ਰਾਹ ਖੋਲ੍ਹ ਦੇਣ। ਬੱਚਿਆਂ ਨੂੰ ਕਿਤਾਬਾਂ ਪੜ੍ਹਨ ਲਈ ਪ੍ਰੇਰਿਤ ਕਰਨ ਲਈ ਉਹਨਾਂ ਅੱਗੇ ਚੰਗੀਆਂ-ਚੰਗੀਆਂ ਪੁਸਤਕਾਂ ਦੀ ਸਮੇਂ-ਸਮੇਂ ਸਿਫ਼ਤ ਕਰਦੇ ਰਹੋ,ਪੜ੍ਹਨ ਦਾ ਸਬੱਬ ਬੱਚੇ ਯਕੀਕਨ ਆਪਣੇ-ਆਪ ਬਣਾਉਣਗੇ। ਅਖ਼ੀਰ ਤੇ ਮੇਰੀ ਕਲਮ ਤੇ ਮੇਰੇ ਇਲਮ ਹਿੱਸੇ ਜੋ ਕਿਤਾਬ ਦੇ ਅਰਥ ਆਏ ਇਹਨਾਂ ਨੂੰ ਸਮਝਣ ਦੀ ਕੋਸ਼ਿਸ਼ ਜ਼ਰੂਰ ਕਰਨਾ।

ਕਿ-ਕੱਕੇ ਸਿਹਾਰੀ ਨੇ ਦੇਣਾ 'ਕਿਰਦਾਰ' ਤੈਨੂੰ
ਤਾ-ਤੱਤੇ ਕੰਨਾ ਰੱਖੇਗਾ 'ਤਾਲੀਮ' ਕੋਲ ਤੇਰੇ।
ਬ-ਬੱਬਾ ਬਖ਼ਸ਼ੇਗਾ ਕੋਈ 'ਬਖ਼ਸ਼ੀਸ਼' ਐਸੀ,
ਸਦਾ ਜਿਉਂਦੇ ਰਹਿਣਗੇ ਜੱਗ ਤੇ 'ਬੋਲ' ਤੇਰੇ।

## ਦਸਮੇਸ਼ ਗਲੋਰੀਅਸ ਪਬਲਿਕ ਸਕੂਲ ਦੇ ਬੱਚਿਆ ਨੇ ਬੜੇ ਉਤਸ਼ਾਹ ਨਾਲ ਅਰਥ ਡੇ ਮਨਾਇਆ

### ਵਿਦਿਆਰਥੀਆਂ 'ਚ ਕਰਵਾਏ ਗਏ ਵੱਖ ਵੱਖ ਤਰਾਂ ਦੇ ਅਨੇਕਾਂ ਮੁਕਾਬਲੇ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ




ਕੋਟਕਪੂਰਾ, 23 ਅਪ੍ਰੈਲ : ਦਸਮੇਸ਼ ਗਲੋਰੀਅਸ ਪਬਲਿਕ ਸਕੂਲ ਵਿੱਚ ਅਰਥ-ਡੇ ਮਨਾਇਆ ਗਿਆ। ਸਕੂਲ ਦੇ ਬੱਚਿਆ ਨੇ ਇਸ ਦਿਨ ਨੂੰ ਬਹੁਤ ਹੀ ਉਤਸ਼ਾਹ ਨਾਲ ਮਨਾਇਆ। ਪੰਜਵੀ ਕਲਾਸ ਦੇ ਵਿਦਿਆਰਥੀ ਅੰਸ਼ਪ੍ਰੀਤ ਕੋਰ ਨੇ ਰੁੱਖਾਂ ਦੀ ਮਹੱਤਤਾ ਇੱਕ ਕਵਿਤਾ ਰਾਹੀ ਦੱਸੀ । ਅਤੇ ਦੂਜੀ ਜਮਾਤ ਦੇ ਵਿਦਿਆਰਥੀ ਅਵਨੀਤ ਕੋਰ, ਮਨਜੋਤ ਕੋਰ, ਇਬਾਦਤ ਕੋਰ, ਪ੍ਰਭਜੋਤ ਸਿੰਘ ਤੇ ਯੂ.ਕੇ.ਜੀ ਦੇ ਵਿਦਿਆਰਥੀ ਸਾਹਿਲ ਧੀਰ, ਅਗਮਜੋਤ ਸਿੰਘ ਨੇ ਸਲੋਗਨ ਨਾਲ ਧਰਤੀ ਨੂੰ ਬਚਾਉਣ ਲਈ ਪ੍ਰੇਰਿਤ ਕੀਤਾ। ਐਲ. ਕੇ.ਜੀ ਦੇ ਅਧਿਆਪਕ ਸ੍ਰੀਮਤੀ ਗੁਰਵੀਰ ਕੋਰ ਨੇ ਕਵਿਤਾ ਦੇ ਨਾਲ ਬੱਚਿਆ ਨੂੰ ਰੁੱਖ ਲਾਉਣ ਲਈ ਪ੍ਰੇਰਿਆ। ਜਮਾਤ ਯੂ. ਕੇ. ਜੀ. ਦੇ ਵਿਦਿਆਰਥੀਆ ਵਿੱਚ ਡਰਾਈਵਿੰਗ ਮੁਕਾਬਲਕਰਵਾਇਆ ਗਿਆ ਤੇ ਤੀਜੀ ਤੋ ਛੇਂਵੀ ਜਮਾਤ ਦੇ ਵਿਦਿਆਰਥੀਆਵਿੱਚ ਅਰਥ- ਡੇ ਨਾਲ ਸੰਬੰਧਤ ਪੋਸਟਰ ਮੇਕਿੰਗ ਤੇ ਈਜੀ ਰਾਈਟਿੰਗ ਪ੍ਰਤੀਯੋਗਤਾ ਕਰਵਾਈਗਈ। ਜਿਸ ਵਿੱਚਅਵਲੀਨ ਕੋਰ (ਛੇਵੀ ਜਮਾਤ) ਪੋਸਟਰ ਮੇਕਿੰਗ ਅਤੇ ਅਭੀਜੋਤ ਸਿੰਘ (ਚੋਥੀ ਜਮਾਤ) ਨੇ ਈਜੀ ਰਾਈਟਿੰਗ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਅਧਿਆਪਕ ਸ੍ਰੀ ਮਤੀ ਬਲਜੀਤ ਕੋਰ ਦੀ ਅਗਵਾਈ ਹੇਠ ਬੱਚਿਆ ਨੇ ਰੁੱਖਾਂ ਨੂੰ ਬਚਾਉਣ ਲਈ ਨਾਟਕ ਪੇਸ਼ ਕੀਤਾ। ਜਮਾਤ ਛੇਵੀਂ ਦੀ ਵਿਦਿਆਰਥਣਅਵਲੀਨ ਕੋਰ, ਪੰਜਵੀ ਜਮਾਤ ਦਾ ਵਿਦਿਆਰਥੀ ਸ਼ਿਵਜੋਤ ਸਿੰਘ ਅਤੇ ਜਮਾਤ ਪਹਿਲੀ ਦੇ ਵਿਦਿਆਰਥੀ ਅਗਮਜੋਤ ਸਿੰਘ ਨੇ ਵੀ ਕਵਿਤਾਵਾਂ ਨਾਲ ਰੁੱਖ ਲਗਾਉਣ ਤੇ ਪ੍ਰਦੂਸ਼ਨ ਨੂੰ ਘੱਟ ਕਰਨ ਲਈ ਪ੍ਰੇਰਿਤ ਕੀਤਾ। ਸਕੂਲ ਦੇ ਐਮ. ਡੀ. ਬਲਜੀਤ ਸਿੰਘ ਤੇ ਪ੍ਰਿੰਸੀਪਲ ਸ੍ਰੀਮਤੀ ਰੁਬੀਨਾ ਧੀਰ ਨੇ ਸਕੂਲ ਦੇ ਸਮੂਹ ਸਟਾਫ ਮੈਬਰਾਂ ਨਾਲ ਸਕੂਲ ਵਿਚ ਰੁੱਖਲਗਾਕੇਅਰਥ-ਡੇ ਨੂੰ ਮਨਾਇਆ। ਤੇ 'ਇਕ ਰੁੱਖ ਤੇ ਸੋ ਸੁੱਖ' ਦੀ ਮਹੱਤਤਾ ਨੂੰ ਦੱਸਦੇ ਹੋਏ ਐਮ.ਡੀ. ਬਲਜੀਤ ਸਿੰਘ ਨੇ ਬੱਚਿਆ ਨੂੰ ਰੁੱਖ ਲਾਉਣ ਲਈ ਕਿਹਾ ਅਤੇ ਪ੍ਰਿੰਸੀਪਲ ਸ਼੍ਰੀਮਤੀ ਰੁਬੀਨਾ ਧੀਰ ਨੇ ਵੱਧ ਰਹੇ ਪ੍ਰਦੂਸ਼ਨ ਦੀ ਰੋਕ-ਥਾਮ ਕਰਨ ਤੇ ਰੁੱਖਾਂ ਦੀ ਮੱਹਤਤਾ ਨੂੰ ਬੱਚਿਆ ਵਿੱਚ ਉਜਾਗਰ ਕਰਨ ਲਈ ਉਨ੍ਹਾਂ ਦੇ ਮੁੱਲਾਂ ਬਾਰੇ ਦੱਸਿਆ।



## ਕੁਦਰਤਿ ਕਮਿ ਨਾ ਜਾਣੀਐ ਵਡਾ ਵੇਪਰਵਾਹੁ।।

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ




ਕੁਦਰਤਿ ਦਾ ਅਰਥ ਤਾਕਤ ਹੈ। ਤੇਰੀ ਤਾਕਤ ਦਾ ਤੇਰੀ ਕੀਮਤ ਦਾ ਕਿਸੇ ਨੇ ਥਾਹ ਨਹੀਂ ਪਾਇਆ। ਫਿਰ ਇਕ ਕੰਮ ਕਰ
ਕਰਿ ਬੰਦੇ ਤੂ ਬੰਦਗੀ ਜਿਚਰੁ ਘਟਿ ਮਹਿ ਸਾਹੁ ।।ਅੰਕ724
ਜਿੰਨੀ ਦੇਰ ਤੱਕ ਤੇਰੇ ਸ਼ਾਹ ਹਨ। ਤੂੰ ਬੰਦਗੀ ਕਰਨ। ਉਸ ਪਰਮਾਤਮਾ ਕੇਵਲ ਭਗਤਾਂ ਨੂੰ ਰੋਟੀ ਨਹੀਂ ਦਿੰਦਾ ਕੇਵਲ ਉਹ ਸੰਤ ਜਨਾਂ ਨੂੰ ਰੋਟੀ ਨਹੀਂ ਦਿੰਦਾ।ਉਹ ਬੜਾ ਕ੍ਰਿਪਾਲੂ ਹੈ। ਇਥੇ ਅਸੀਂ ਅਰਦਾਸ ਵਿਚ ਇਕ ਸ਼ਬਦ ਵਰਤਦੇ ਹਾਂ ਕਿ ਜਿਨ੍ਹਾਂ ਨੇ ਦੇਖਕੇ ਅਣਡਿੱਠ ਕੀਤਾ।

ਮਾਫ਼ ਕਰਨਾ ਅਸੀਂ ਦੇਖ ਕੇ ਅਣਡਿੱਠ ਨਹੀਂ ਕਰਦੇ। ਅਸੀਂ ਤਾਂ ਜਿਹੜਾ ਅਣਡਿੱਠ ਹੈ ਉਸ ਦਾ ਦਾਅਵਾ ਕਰਦੇ ਹਾਂ। ਮੈਂ ਦੇਖਿਆ ਹੈ ਜਿਹੜਾ ਕਿਸੇ ਦੇ ਐਬ ਨਹੀਂ ਦੇਖਿਆ ਨਹੀਂ ਕੇਵਲ ਸੁਣਿਆ ਹੈ। ਜੇ ਇਸ ਦੁਨੀਆਂ ਵਿਚ ਇਹ ਬੰਦਾ ਦੇਖਕੇ ਅਣਡਿੱਠ ਕਰਨ ਵਾਲੀ ਜ਼ਿੰਦਗੀ ਜੀਉਣ ਲੱਗ ਪਿਆ।

ਇਕ ਦਿਨ ਉਹ ਗੁਣਾਂ ਨਾਲ ਭਰਿਆ ਜਾਏਗਾ। ਦੇਖਕੇ ਅਣਡਿੱਠ ਜਾਂ ਤਾਂ ਪੂਰਨ ਬ੍ਰਹਮ ਗਿਆਨੀ ਕਰੇਗਾ ਜਾਂ ਦੇਖਕੇ ਅਣਡਿੱਠ ਰੱਬ ਕਰ ਦੇਵੇ। ਰੱਬ ਦਾ ਤੇ ਤਾਂ ਸਿੱਖ ਦਾ ਸੁਭਾਅ ਇਕੋ ਜਿਹਾ ਕਿਹਾ ਹੈ।

ਹੁਣ ਕੀ ਦੇਖ ਕੇ ਅਣਡਿੱਠ ਕੀਤਾ। ਹੇ ਪਰਵਦਿਗਾਰ ਤੂੰ ਅਣਡਿੱਠ ਕਰਕੇ ਵੀ ਰੋਟੀ ਦਿੰਦਾ ਹੈ ਹੇ ਦਇਆ ਦੇ ਖਜ਼ਾਨੇ ਸਾਡੇ ਗੁਨਾਹ ਤੂੰ ਦੇਖਦਾ ਪਿਆ ਹੈ। ਅਸੀਂ ਜਿਹੜੇ ਕਰਮ ਕਰ ਰਹੇ ਹਾਂ ਪਰ ਸਾਡੇ ਕੁਕਰਮਾਂ ਨੂੰ ਦੇਖਕੇ ਕਦੀ ਤੂੰ ਸਾਡੀ ਥਾਲੀ ਵਿਚੋਂ ਰੋਟੀ ਨਹੀਂ ਚੁੱਕੀ। ਤੂੰ ਸਾਡੇ ਗੁਨਾਹਾਂ ਨੂੰ ਅਣਡਿੱਠ ਕਰ ਦਿੰਦਾ ਹੈ। ਪਰਵਦਿਗਾਰ ਸਭ ਦੀ ਪਾਲਣਾ ਕਰਨ ਵਾਲਿਆਂ। ਤੇਰਾ ਕਿਸੇ ਨੇ ਅੰਤ ਨਹੀਂ ਪਾਇਆ। ਦਰਵੇਸ਼ ਕਹਿੰਦਾ ਹੈ ਹੇ ਖੁਦਾ ਮੈਂ ਤੇਰੇ ਚਰਨਾਂ ਵਿਚ ਇਕ ਦਾਤ ਮੰਗਣ ਆਇਆ ਹਾਂ।ਮੇਰੇ ਕੋਲ ਇੰਨੀ ਹਸਤੀ ਨਹੀਂ ਕਿ ਮੈਂ ਸਿੱਧਾ ਤੇਰੇ ਤੱਕ ਪਹੁੰਚ ਬਣਾ ਸਕਾਂ। ਇਕ ਕ੍ਰਿਪਾ ਕਰੇ ਮੇਰੇ ਤੇ ਹਮੇਸ਼ਾ ਤੇਰੇ ਚਰਨਾਂ ਵਿਚ ਜੁੜੇ ਹੋਏ। ਜਿਹੜੇ ਸੱਚ ਨੂੰ ਪਹਿਚਾਨਣ ਵਾਲੇ ਹਨ। ਮੈਨੂੰ ਉਹਨਾਂ ਦੇ ਚਰਨ ਬਖ਼ਸ਼ ਦੇ।

ਮੈਂ ਆਪਣੇ ਮੂੰਹ ਨਾਲ ਉਹਨਾਂ ਦੇ ਚਰਨਾਂ ਨੂੰ ਚੁੰਮਾਂ ਜਿਹਨਾਂ ਨੇ ਸੱਚ ਨੂੰ ਪਹਿਚਾਨ ਲਿਆ ਹੈ। ਅਸੀਂ ਗੁਰੂ ਅੱਗੇ ਬੰਧਨਾਂ ਵੀ ਕਰਦੇ ਰਹੇ। ਸ਼ਾਸਤ੍ਰਾਂ ਦੇ ਦੱਸੇ ਹੋਏ ਕਰਮ ਵੀ ਕੀਤੇ ਮੱਥੇ ਟੇਕੇ ਪਰ ਰੱਸ ਕਿਉਂ ਨਹੀਂ ਆਉਂਦਾ।